# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਸਮੂਹ ਸਕੂਲ ਮੁਖੀ
ਪੰਜਾਬ (ਵੈੱਬਸਾਇਟ ਰਾਹੀਂ)

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/33443
ਮਿਤੀ ਚੰਡੀਗੜ 22/04/10

**ਵਿਸ਼ਾ:- ਸਕੂਲਾਂ ਵਿੱਚ ਅਧਿਆਪਕਾਂ ਦੁਆਰਾ ਨਸ਼ੇ ਤੇ ਪਾਬੰਦੀ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਚੰਗੇ ਰਾਸ਼ਟਰ ਦੇ ਨਿਰਮਾਤਾ ਬਣਾਉਣ ਵਿੱਚ ਸਕੂਲ ਸਿੱਖਿਆ ਦਾ ਬਹੁਤ ਮਹੱਤਵ ਹੈ। ਅਤੇ ਵਿਦਿਆਰਥੀ ਦੇ ਚਰਿੱਤਰ ਨਿਰਮਾਣ ਵਿੱਚ ਅਧਿਆਪਕਾਂ ਦੀ ਭੂਮਿਕਾ ਅਹਿਮ ਮੰਨੀ ਜਾਂਦੀ ਹੈ। ਜਿਸ ਨੇ ਖੁਦ ਅਗਵਾਈ ਕਰਦਿਆਂ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਬਣਨਾ ਹੁੰਦਾ ਹੈ। ਜਿਸ ਤੋਂ ਵਿਦਿਆਰਥੀ ਨੇ ਸਿੱਖਿਆ ਹਾਸਲ ਕਰਨ ਦੇ ਨਾਲ-ਨਾਲ ਅਧਿਆਪਕ ਦੀ ਨਕਲ ਕਰਦਿਆਂ ਆਪਣੇ ਚਰਿੱਤਰ ਨੂੰ ਵੀ ਉਸਾਰਨਾ ਹੁੰਦਾ ਹੈ।

3.0 ਪਰ ਕੁਝ ਸਮਾਜ ਸੇਵੀ ਜੰਥੇਬੰਦੀਆਂ ਦੇ ਨੁਮਾਇਦਿਆਂ ਵੱਲੋਂ ਇਹ ਗੱਲ ਦਫ਼ਤਰ ਦੇ ਧਿਆਨ ਵਿੱਚ ਲਿਆਂਦੀ ਹੈ ਕਿ ਸਕੂਲਾਂ ਅੰਦਰ ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਡੀ.ਜੇ. ਵਗੈਰਾ ਲਗਾ ਕੇ ਜਿੱਥੇ ਸ਼ੋਰ ਪ੍ਰਦੂਸ਼ਣ ਪੈਦਾ ਕੀਤਾ ਜਾਂਦਾ ਹੈ ਉੱਥੇ ਕਈ ਵਾਰ ਡਾਂਸ ਦੇ ਨਾਲ-ਨਾਲ ਅਸੱਭਿਅਕ ਗੀਤ ਵੀ ਗਾਏ ਜਾਂਦੇ ਹਨ। ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕਈ ਵਾਰੀ ਨਸ਼ਿਆਂ ਦਾ ਸੇਵਨ ਵੀ ਸਕੂਲ ਅੰਦਰ ਕੀਤਾ ਜਾਂਦਾ ਹੈ। ਇਹ ਰੁਝਾਨ ਬਹੁਤ ਖਤਰਨਾਕ ਹੈ।

4.0 ਜੇਕਰ ਅੱਗੋਂ ਤੋਂ ਕਿਸੇ ਵੀ ਸਕੂਲ ਅੰਦਰ ਡੀ.ਜੇ. ਲਗਾਉਣ ਜਾਂ ਅਧਿਆਪਕ ਜਾਂ ਵਿਦਿਆਰਥੀਆਂ ਵੱਲੋਂ ਕਿਸੇ ਨਸ਼ੇ ਜਿਵੇਂ ਸ਼ਰਾਬ, ਬੀੜੀ, ਸਿਗਰਟ, ਗੁਟਕਾ ਆਦਿ ਦਾ ਸੇਵਨ ਕਰਨ ਦੀ ਰਿਪੋਰਟ ਦਫ਼ਤਰ ਨੂੰ ਮਿਲਦੀ ਹੈ ਤਾਂ ਸਬੰਧਤ ਅਧਿਆਪਕ ਅਤੇ

ਵਿਦਿਆਰਥੀ ਤੇ ਅਨੁਸ਼ਾਸ਼ਨੀ ਕਾਰਵਾਈ ਕਰਨ ਦੇ ਨਾਲ ਨਾਲ ਸਕੂਲ ਮੁਖੀ ਤੇ ਵੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

5.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਹੀ ਮਿਤੀ

ਉਤਾਰਾ (1) ਸਮੂਹ ਮੰਡਲ ਸਿੱਖਿਆ ਅਫ਼ਸਰ ।
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ ਤੇ ਸੈ.ਸਿ)।
(3) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
(4) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ।
(5) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**